independent
police complaints
commission

# ਕਦਮਵਾਰ

# ਪੁਲਿਸ ਵਿਰੁੱਧ ਕਿਵੇਂ ਸ਼ਿਕਾਇਤ ਕਰਨੀ ਹੈ

## ਪੁਲਿਸ ਵਿਰੁੱਧ ਸ਼ਿਕਾਇਤ ਕਰਨੀ

IPCC ਦਾ ਮਤਲਬ ਹੈ ਇੰਡੀਪੈਨਡੈਂਟ ਪੁਲਿਸ ਕੰਪਲੇਨਟਸ ਕਮਿਸ਼ਨ। ਜਿਸ ਢੰਗ ਨਾਲ ਪੁਲੀਸ ਵਿਰੁੱਧ ਸ਼ਿਕਾਇਤਾ ਨੂੰ ਨਜਿੱਠਿਆ ਜਾਂਦਾ ਹੈ ਉਸ ਲਈ ਅਸੀ ਜ਼ਿੰਮੇਦਾਰ ਹਾਂ ।

**ਸ਼ਿਕਾਇਤ ਕਰਨ ਲਈ, ਤੁਹਾਨੂੰ ਸਿਰਫ ਇਹਨਾਂ ਸੌਖੇ ਕਦਮਾਂ ਦੀ ਪਾਲਨਾ ਕਰਨੀ ਪਵੇਗੀ:**


| | |
|---|---|
| ਮੈ ਕਿਸ ਬਾਰੇ ਸ਼ਿਕਾਇਤ ਕਰ ਸਕਦਾ ਹਾਂ? | 1 |
| ਕਿਵੇਂ ਸ਼ਿਕਾਇਤ ਕਰਾਂ | 2 |
| ਕੀ ਕਹਾਂ | 3 |
| ਸ਼ਿਕਾਇਤ ਕਰਨ ਵੇਲੇ ਕੀ ਆਸ ਰੱਖਣੀ | 3 |
| ਤੁਹਾਡੀ ਸ਼ਿਕਾਇਤ ਨੂੰ ਕੌਣ ਨਜਿੱਠੇਗਾ | 3 |
| ਤੁਹਾਨੂੰ ਕਿਵੇ ਜਾਣੂ ਰੱਖਿਆ ਜਾਵੇਗਾ | 4 |
| ਜਦੋ ਤੁਹਾਡੀ ਸ਼ਿਕਾਇਤ ਨੂੰ ਵੇਖ ਲਿਆ ਜਾਵੇ ਫਿਰ ਕੀ ਹੋਵੇਗਾ? | 4 |
| ਜਿਸ ਢੰਗ ਨਾਲ ਤੁਹਾਡੀ ਸ਼ਿਕਾਇਤ ਨੂੰ ਵੇਖਿਆ ਗਿਆ ਜੇ ਤੁਸੀ ਉਸ ਬਾਰੇ ਖੁਸ਼ ਨਹੀ ਹੋ ਤਾਂ ਕੀ ਕਰਨਾ ਹੈ। | 4 |


## ਮੈਂ ਕਿਸ ਬਾਰੇ ਸ਼ਿਕਾਇਤ ਕਰ ਸਕਦਾ ਹਾਂ?

ਜੇ ਤੁਸੀ ਸੋਚਦੇ ਹੋ ਕਿ ਪੁਲਿਸ ਵੱਲੋ ਤੁਹਾਡੇ ਨਾਲ ਬੁਰਾ ਵਿਹਾਰ ਕੀਤਾ ਗਿਆ, ਸ਼ਿਕਾਇਤ ਕਰਨਾ ਸੌਖਾ ਹੈ। ਹੋ ਸਕਦਾ ਹੈ ਕੋਈ ਤੁਹਾਡੇ ਨਾਲ ਮਾੜਾ ਬੋਲਿਆ ਹੋਵੇ ਜਾਂ ਕਿਸੇ ਨੇ ਤੁਹਾਨੂੰ ਸੱਟ ਲਾਈ ਹੋਵੇ।

ਤੁਸੀ ਕਿਸੇ ਵੀ ਰੈਂਕ ਦੇ ਪੁਲਿਸ ਅਫਸਰ ਵਿਰੁੱਧ ਜਾਂ ਸਟਾਫ ਦੇ ਹੋਰ ਮੈਂਬਰਾਂ ਵਿਰੁੱਧ ਸ਼ਿਕਾਇਤ ਕਰ ਸਕਦੇ ਹੋ।

ਜੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਪੁਲਿਸ ਨੇ ਬੁਰਾ ਵਿਹਾਰ ਕੀਤਾ ਹੈ, ਤੁਸੀ ਸ਼ਿਕਾਇਤ ਕਰ ਸਕਦੇ ਹੋ ਜੇ ਤੁਸੀ ਇਸ ਦੇ ਨਤੀਜੇ ਵੱਜੋਂ ਪਰੇਸ਼ਾਨ ਹੋਏ ਹੋ।

ਤੁਸੀ ਤਾਂ ਵੀ ਸ਼ਿਕਾਇਤ ਕਰ ਸਕਦੇ ਹੋ ਜੇ ਤੁਸੀ ਕਿਸੇ ਹੋਰ ਨਾਲ ਪੁਲਿਸ ਵੱਲੋਂ ਮਾੜਾ ਵਤੀਰਾ ਹੁੰਦਾ ਆਪ ਵੇਖਿਆ ਹੈ ਭਾਵੇ ਤੁਸੀ ਉਸ ਨੂੰ ਨਿੱਜੀ ਤੌਰ ਤੇ ਜਾਣਦੇ ਨਹੀ।

IPCC ਸਿਰਫ ਪੁਲਿਸ ਅਫਸਰਾਂ ਅਤੇ ਸਟਾਫ ਦੇ ਵਤੀਰੇ ਬਾਰੇ ਸ਼ਿਕਾਇਤਾ ਨਾਲ ਨਜਿੱਠ ਸਕਦੀ ਹੈ।

ਜੇ ਤੁਹਾਡੀ ਸ਼ਿਕਾਇਤ ਕਿਸੇ ਪੁਲਿਸ ਫੋਰਸ ਦੀਆ ਪਾਲਸੀਆ ਬਾਰੇ ਹੈ, ਤੁਹਾਨੂੰ ਫੋਰਸ ਦੇ ਚੀਫ ਕੋਨਸਟੇਬਲ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਲੋਕਲ ਪੁਲਿਸ ਅਥੋਰਿਟੀ ਨਾਲ।

**ਕੀ ਮੇਰੇ ਲਈ ਕੋਈ ਹੋਰ ਸ਼ਿਕਾਇਤ ਕਰ ਸਕਦਾ ਹੈ?**
ਜੀ ਹਾਂ, ਕਰ ਸਕਦਾ ਹੈ। ਕੋਈ ਦੋਸਤ, ਰਿਸ਼ਤੇਦਾਰ ਜਾਂ ਸਮਾਜਕ ਗਰੁਪ ਦਾ ਕੋਈ ਮੈਂਬਰ ਤੁਹਾਡੇ ਆਧਾਰ ਤੇ ਸ਼ਿਕਾਇਤ ਕਰ ਸਕਦਾ ਹੈ ਪਰ ਤੁਹਾਨੂੰ ਲਿਖਤੀ ਰੂਪ ਵਿੱਚ ਮੰਨਣਾ ਪਵੇਗਾ ਕਿ ਤੁਸੀ ਖੁਸ਼ ਹੋ ਕਿ ਉਹ ਤੁਹਾਡੇ ਆਧਾਰ ਤੇ ਸ਼ਿਕਾਇਤ ਕਰਨ।

ਜੇ ਤੁਸੀ ਪਿਹਲ ਦਿਓ, ਉਹ ਤੁਹਾਡੀ ਸ਼ਿਕਾਇਤ ਲਿਖ ਸਕਦੇ ਹਨ ਅਤੇ ਇਹ ਕਿ ਤੁਸੀ ਸਵਿਕਾਰ ਕੀਤਾ ਹੈ ਕਿ ਉਹ ਤੁਹਾਡੇ ਲਈ ਸ਼ਿਕਾਇਤ ਕਰਨ, ਅਤੇ ਤੁਸੀ ਇਹ ਦਸਣ ਲਈ ਕਿ ਤੁਸੀ ਸਵੀਕਾਰ ਕੀਤਾ ਹੈ ਦਸਤਖ਼ਤ ਕਰ ਸਕਦੇ ਹੋ। ਇਹ ਅੰਗ੍ਰੇਜ਼ੀ ਦੀ ਥਾਂ ਕਿਸੇ ਹੋਰ ਭਾਸ਼ਾ ਵਿੱਚ ਹੋ ਸਕਦਾ ਹੈ ਜੇ ਤੁਹਾਡੇ ਲਈ ਸੌਖਾ ਹੋਵੇ।

**ਵਧੇਰੇ ਜਾਣਕਾਰੀ ਲਈ, IPCC ਦੀ ਵੈਬਸਾਈਟ ਤੇ ਜਾਓ (www.ipcc.gov.uk)**

## ਸ਼ਿਕਾਇਤ ਕਿਵੇ ਕਰਨੀ ਹੈ

ਮੈ ਕਿਸ ਨੂੰ ਸ਼ਿਕਾਇਤ ਕਰਾਂ? ਸ਼ਿਕਾਇਤ ਕਰਨ ਦੇ ਬਹੁਤ ਸਾਰੇ ਤਰੀਕੇ ਹਨ, ਜਿਹੜਾ ਤੁਹਾਡੇ ਲਈ ਸਭ ਤੋ ਵਧੀਆ ਹੋਵੇ ਤੁਸੀ ਉਹ ਵਰਤ ਸਕਦੇ ਹੋ।

**ਤੁਸੀ**
> ਪੁਲਿਸ ਸਟੇਸ਼ਨ ਜਾ ਕੇ ਆਪਣੀ ਮੁਸ਼ਕਲ ਸਮਝਾ ਸਕਦੇ ਹੋ
> ਕਿਸੇ ਵੀ ਪੁਲਿਸ ਫੋਰਸ ਨਾਲ ਟੈਲੀਫੋਨ, ਈਮੇਲ, ਡਾਕ ਜਾਂ ਫੇਕਸ ਰਾਹੀ ਸੰਪਰਕ ਕਰ ਸਕਦੇ ਹੋ

**ਮੈ ਹੋਰ ਕਿਸ ਨੂੰ ਸ਼ਿਕਾਇਤ ਕਰ ਸਕਦਾ ਹਾਂ?**
> IPCC ਤੇ ਕਿਸੇ ਨੂੰ। ਸਾਨੂੰ ਇਸ ਪਤੇ ਤੇ ਲਿਖੋ:
ਇੰਡੀਪੈਨਡੈਂਟ ਪੁਲਿਸ ਕੰਪਲੈਨਟਸ ਕਮਿਸ਼ਨ,
Independent Police Complaints Commission,
90 High Holborn, London WC1V 6BH.

ਜਾਂ ਸਾਨੂੰ ਇਸ ਨੰਬਰ ਤੇ ਫੋਨ ਕਰੋ 08453 002 002
(ਕਾਲ ਦਾ ਖ਼ਰਚ ਲੋਕਲ ਰੇਟ ਹੈ)।

ਜਾਂ ਸਾਨੂੰ ਇਸ ਪਤੇ ਤੇ ਈਮੇਲ ਕਰੋ enquiries@ipcc.gsi.gov.uk

**ਜਾਂ**
> ਤੁਸੀ ਸੰਪਰਕ ਕਰ ਸਕਦੇ ਹੋ ਆਪਣੇ ਲੋਕਲ:
- ਸਿਟੀਜ਼ਨ ਅਡਵਾਇਜ਼ ਬਿਓਰੋ ਨੂੰ
- ਯੂਥ ਓਫੈਨਡਿੰਗ ਟੀਮ ਨੂੰ
- ਰੇਸ਼ਿਅਲ ਇਕੁਐਲਿਟੀ ਕਾਊਂਸਲ ਨੂੰ
- ਪ੍ਰੋਬੇਸ਼ਨ ਸਰਵਿਸ ਨੂੰ
- ਨੇਬਰਹੁਡ ਵਾਰਡਨ ਨੂੰ

- ਉਹ ਤੁਹਾਨੂੰ ਜਾਣਕਾਰੀ ਦੇਣਗੇ ਕਿ ਅੱਗੇ ਕੀ ਕਰਨਾ ਹੈ।

**ਜਾਂ**
> ਤੁਸੀ ਆਪਣੇ ਸੋਲੀਸਿਟਰ ਜਾਂ ਐਮਪੀ ਨੂੰ ਤੁਹਾਡੇ ਲਈ ਸ਼ਿਕਾਇਤ ਕਰਨ ਲਈ ਆਖ ਸਕਦੇ ਹੋ।

**ਅਸੀ ਤੁਹਾਡੀ ਸ਼ਿਕਾਇਤ ਪੁਲਿਸ ਫੋਰਸ ਨੂੰ ਦੇ ਦੇਵਾਂਗੇ ਤਾਂ ਕਿ ਉਹ ਰਿਕਾਰਡ ਕਰ ਸਕਣ।**

## ਕੀ ਕਹਾਂ?

ਤਾਂਕਿ ਤੁਹਾਡੀ ਸ਼ਿਕਾਇਤ ਨੂੰ ਛੇਤੀ ਅਤੇ ਪਰਭਾਵਸ਼ਾਲੀ ਢੰਗ ਨਾਲ ਵੇਖਿਆ ਜਾਵੇ, ਤੁਹਾਨੂੰ ਆਪਣਾ ਨਾਮ, ਪਤਾ ਅਤੇ ਵੇਰਵਾ ਕਿ ਤੁਹਾਡੇ ਨਾਲ ਕਿਵੇਂ ਸੰਪਰਕ ਕੀਤਾ ਜਾ ਸਕਦਾ ਹੈ ਜਰੂਰ ਦੇਣਾ ਚਾਹੀਦਾ ਹੈ।

**ਤੁਹਾਨੂੰ ਇਹ ਵੀ ਸਮਝਾਉਣਾ ਪਵੇਗਾ:**

> ਕੀ ਹੋਇਆ
> ਇਹ ਕਦੋ ਹੋਇਆ
> ਕੌਣ ਸ਼ਾਮਲ ਸੀ
> ਕੀ ਕੀਤਾ ਜਾਂ ਕਿਹਾ ਗਿਆ ਸੀ
> ਕੀ ਜੋ ਹੋਇਆ ਕਿਸੇ ਹੋਰ (ਗਵਾਹ) ਨੇ ਵੇਖਿਆ
> ਗਵਾਹ ਨਾਲ ਕਿਵੇ ਸੰਪਰਕ ਕੀਤਾ ਜਾ ਸਕਦਾ ਹੈ (ਜੇ ਤੁਹਾਨੂੰ ਪਤਾ ਹੋਵੇ)
> ਕੀ ਕੋਈ ਨੁਕਸਾਨ ਜਾਂ ਸੱਟ ਲਗੀ ਸੀ
> ਕਿ ਤੁਹਾਡੀ ਸ਼ਿਕਾਇਤ ਉਸ ਪੁਲਿਸ ਫੋਰਸ ਨੂੰ 'ਰਿਕਾਰਡ' ਕਰਨ ਲਈ ਦੇ ਦਿੱਤੀ ਜਾਵੇ ਜਿਸ ਵਿਰੁੱਧ ਤੁਸੀ ਸ਼ਿਕਾਇਤ ਕਰ ਰਹੇ ਹੋ

## ਸ਼ਿਕਾਇਤ ਕਰਨ ਵੇਲੇ ਕੀ ਆਸ ਰੱਖਣੀ

ਭਾਵੇ ਤੁਸੀ ਪੁਲਿਸ ਨੂੰ ਉਪਰ ਦਿੱਤੀ ਲਿਸਟ ਦਾ ਸਾਰਾ ਵੇਰਵਾ ਦੇ ਦਿਓ, ਉਹ ਤੁਹਾਡੇ ਕੋਲੋ ਕੁਝ ਹੋਰ ਸਵਾਲ ਪੁਛ ਸਕਦੇ ਹਨ। ਉਹ ਇਕ ਫਾਰਮ ਭਰ ਸਕਦੇ ਹਨ ਅਤੇ ਤੁਹਾਨੂੰ ਆਪਣੀ ਸ਼ਿਕਾਇਤ ਬਾਰੇ ਬਿਆਨ ਦੇਣ ਲਈ ਆਖ ਸਕਦੇ ਹਨ।

ਪੁਲਿਸ ਨੂੰ ਤੁਹਾਡੀ ਸ਼ਿਕਾਇਤ ਦਾ ਦਫਤਰੀ ਰਿਕਾਰਡ ਬਣਾਉਣਾ ਚਾਹੀਦਾ ਹੈ। ਜੇ, ਸ਼ਿਕਾਇਤ ਕਰਨ ਮਗਰੋਂ, ਤੁਸੀ ਪੁਲਿਸ ਜਾਂ IPCC ਤੋ ਨਹੀ ਸੁਣਦੇ ਕਿ ਕਿਵੇ ਤੁਹਾਡੀ ਸ਼ਿਕਾਇਤ ਨਾਲ ਨਜਿੱਠਿਆ ਜਾਵੇਗਾ, ਤੁਹਾਨੂੰ IPCC ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਤੁਸੀ ਅਪੀਲ ਕਰ ਸਕੋ। (ਸਫਾ 4 ਵੇਖੋ: ਜਿਸ ਢੰਗ ਨਾਲ ਤੁਹਾਡੀ ਸ਼ਿਕਾਇਤ ਨੂੰ ਵੇਖਿਆ ਗਿਆ ਜੇ ਤੁਸੀ ਉਸ ਤੋ ਖੁਸ਼ ਨਹੀ ਹੋ ਤਾਂ ਕੀ ਕਰਨਾ ਹੈ।)

ਜਦੋ ਤੁਸੀ ਆਪਣੀ ਸ਼ਿਕਾਇਤ ਕਰਦੇ ਹੋ, ਪੁਲਿਸ ਤੁਹਾਡੇ ਤੋ ਜਾਣਕਾਰੀ ਮੰਗੇਗੀ ਜਿਵੇਂ ਕਿ ਤੁਹਾਡੀ ਉਮਰ, ਕੀ ਤੁਸੀ ਕੰਮ ਕਰਦੇ ਹੋ ਅਤੇ ਤੁਹਾਡਾ ਨਸਲੀ ਮੂਲ ਕੀ ਹੈ। ਇਹ ਪੁਲਿਸ ਅਤੇ IPCC ਦੀ ਇਹ ਪੱਕਾ ਕਰਨ ਵਿੱਚ ਮਦਦ ਲਈ ਹੈ ਕਿ ਹਰ ਕਿਸੇ ਨਾਲ ਨਿਆਂਪੂਰਣ ਵਿਹਾਰ ਹੋਵੇ।

## ਤੁਹਾਡੀ ਸ਼ਿਕਾਇਤ ਨੂੰ ਕੌਣ ਨਜਿੱਠੇਗਾ

ਬਹੁਤੀਆ ਸ਼ਿਕਾਇਤਾ ਤੁਹਾਡੀ ਲੋਕਲ ਪੁਲਿਸ ਵੱਲੋ ਨਜਿਠੀਆ ਜਾਂਦੀਆ ਹਨ, ਜੇ ਤੁਸੀ ਇਸ ਲਈ ਰਾਜ਼ੀ ਹੋਵੋ। ਇਸ ਨੂੰ 'ਲੋਕਲ ਰੈਜ਼ੋਲਿਊਸ਼ਨ' ਆਖਦੇ ਹਨ।

**ਇਹ ਸਭ ਤੋ ਸੌਖਾ ਅਤੇ ਸਭ ਤੋ ਲਚਕੀਲਾ ਤਰੀਕਾ ਹੈ:**

> ਪੁਲਿਸ ਨੂੰ ਦੱਸਣ ਦਾ ਕਿ ਕੀ ਹੋਇਆ
> ਜਾਨਣ ਦਾ ਕਿ ਕਿਉਂ ਹੋਇਆ
> ਜੇ ਮੁਨਾਸਬ ਹੋਵੇ, ਕਿਸੇ ਨੂੰ ਮਾਫੀ ਮੰਗਣ ਦਾ ਮੌਕਾ ਦੇਣ ਦਾ
> ਇਹ ਪੱਕਾ ਕਰਨ ਦਾ ਕਿ ਭਵਿਖ ਵਿੱਚ ਕਿਸੇ ਹੋਰ ਨਾਲ ਅਜਿਹਾ ਹੋਣ ਤੋ ਰੋਕਣ ਲਈ ਠੋਸ ਕਦਮ ਚੁਕਿਆ ਜਾਵੇ

ਵਧੇਰੇ ਗੰਭਰਿ ਸ਼ਿਕਾਇਤਾ ਲਈ ਲੋਕਲ ਪੁਲਿਸ ਵੱਲੋ ਵਧੇਰੇ ਰਸਮੀ ਜਾਂਚ ਦੀ ਲੋੜ ਪੈ ਸਕਦੀ ਹੈ ਜਾਂ IPCC ਦੇ ਹਵਾਲੇ ਕੀਤੀਆ ਜਾ ਸਕਦੀਆ ਹਨ ਜੋ ਫੈਸਲਾ ਕਰਨਗੇ ਕਿ ਉਹਨਾ ਨੂੰ ਕਿਵੇ ਨਜਿੱਠਣਾ ਚਾਹੀਦਾ ਹੈ।

IPCC ਪੁਲਿਸ ਦੀ ਜਾਂਚ ਦਾ ਨੀਰੀਖਣ ਕਰ ਸਕਦੀ ਹੈ, ਬਹੁਤੇ ਗੰਭਰਿ ਕੇਸਾਂ ਵਿੱਚ, ਤੁਹਾਡੀ ਸ਼ਿਕਾਇਤ ਨੂੰ ਆਪਣੇ ਨਿੱਜੀ ਆਜ਼ਾਦ ਇਨਵੈਸਟੀਗੇਟਰ ਰਾਹੀ ਨਜਿਠ ਸਕਦੀ ਹੈ। ਅਜਿਹਾ ਉਦੋ ਹੋ ਸਕਦਾ ਹੈ ਜਦੋ ਕੋਈ ਪੁਲਿਸ ਦੇ ਸੰਪਰਕ ਵਿੱਚ ਹੁੰਦਿਆ ਮਰ ਜਾਵੇ ਜਾਂ ਬੁਰੀ ਤਰਾਂ ਜ਼ਖਮੀ ਹੋ ਜਾਵੇ।

## ਤੁਹਾਨੂੰ ਕਿਵੇ ਜਾਣੂ ਰੱਖਿਆ ਜਾਵੇਗਾ

ਭਾਵੇ ਪੁਲਿਸ ਜਾਂ IPCC ਤੁਹਾਡੀ ਸ਼ਿਕਾਇਤ ਨੂੰ ਵੇਖ ਰਹੇ ਹੋਣ, ਤੁਹਾਡਾ ਆਮ ਤੌਰ ਤੇ ਹੱਕ ਹੈ ਕਿ ਤੁਹਾਨੂੰ ਦਸਿਆ ਜਾਵੇ ਕਿ ਇਸ ਨਾਲ ਕਿਵੇ ਨਜਿਠਿਆ ਜਾਵੇਗਾ, ਕੀ ਕਦਮ ਚੁਕੇ ਜਾਣਗੇ ਅਤੇ ਕਿਵੇ ਫੈਸਲਾ ਕੀਤਾ ਜਾਵੇਗਾ।

ਪੁਲਿਸ ਜਾਂ IPCC ਤੁਹਾਡੇ ਨਾਲ ਸਹਿਮਤ ਹੋਣਗੇ ਕਿ ਕਿੰਨੇ ਚਿਰ ਬਾਦ ਅਤੇ ਕਿਸ ਤਰੀਕੇ ਨਾਲ ਤੁਸੀ ਜਾਣੂ ਰਹਿਨਾ ਪਸੰਦ ਕਰੋਗੇ।

## ਜਦੋ ਤੁਹਾਡੀ ਸ਼ਿਕਾਇਤ ਨੂੰ ਵੇਖ ਲਿਆ ਜਾਵੇ ਫਿਰ ਕੀ ਹੋਵੇਗਾ?

ਜਦੋ ਪੁਲਿਸ ਜਾਂ IPCC ਤੁਹਾਡੀ ਸ਼ਿਕਾਇਤ ਨੂੰ ਵੇਖ ਲੈਣਗੇ, ਉਹ ਤੁਹਾਨੂੰ ਦਸਣਗੇ ਕਿ ਉਹਨਾ ਨੇ ਕੀ ਕਰਨ ਦਾ ਫੈਸਲਾ ਕੀਤਾ ਹੈ।

**ਹੋ ਸਕਨ ਵਾਲੇ ਨਤੀਜੇ ਹਨ:**

> ਪੁਲੀਸ ਆਪਨੇ ਤਰੀਕੇ ਸੁਧਾਰਨ ਜਾਂ ਬਦਲਨ ਦਾ ਫੈਸਲਾ ਕਰ ਸਕਦੀ ਹੈ
> ਪੁਲੀਸ ਉਸ ਅਫਸਰ ਜਾਂ ਵਿਅਕਤੀ ਦੇ ਖਿਲਾਫ ਡਸਿਪਲਨਰੀ ਐਕਸ਼ਨ ਲੈ ਸਕਦੀ ਹੈ ਜਿਸ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ
> ਬਹੁਤੇ ਗੰਭਰਿ ਕੇਸਾਂ ਵਿੱਚ, ਪੁਲੀਸ ਜਾਂ IPCC ਤੁਹਾਡੀ ਸ਼ਿਕਾਇਤ ਨੂੰ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (CPS) ਨੂੰ ਦੇ ਕੇ ਅਗਾਹ ਲੈਜਾ ਸਕਦੇ ਹਨ। CPS ਫੈਸਲਾ ਕਰੇਗੀ ਕਿ ਕੀ ਕਿਸੇ ਨੂੰ ਕ੍ਰਿਮਿਨਲ ਕੋਰਟ ਵਿੱਚ ਲੈਜਾਨ ਲਈ ਕਾਫੀ ਜਾਨਕਾਰੀ ਹੈ।
> ਕੁਝ ਕੇਸਾਂ ਵਿੱਚ, ਹੋ ਸਕਦਾ ਹੈ ਕਿ ਤੁਹਾਡੀ ਸ਼ਿਕਾਇਤ ਬਾਰੇ ਕੋਈ ਕਦਮ ਚੁੱਕਨ ਲਈ ਲੋੜੀਦੀ ਜਾਨਕਾਰੀ ਉਪਲਭਧ ਨਾਂ ਹੋਵੇ। ਜੇ ਤੁਹਾਡੇ ਨਾਲ ਅਜਿਹਾ ਹੋਵੇ, ਇਸ ਦਾ ਸਿਰਫ ਇਹ ਮਤਲਬ ਹੈ ਕਿ ਲੋੜੀਦੇ ਸਬੂਤ ਉਪਲਭਧ ਨਹੀ ਹਨ।

## ਜਿਸ ਤਰ ਤੁਹਾਡੀ ਸ਼ਿਕਾਇਤ ਨਜਿੱਠੀ ਗਈ ਜੇ ਤੁਸੀ ਉਸ ਤੇ ਖੁਸ਼ ਨਹੀ ਹੋ ਤਾਂ ਕੀ ਕਰਨਾ ਹੈ

ਜੇ ਤੁਸੀ ਆਪਣੀ ਸ਼ਿਕਾਇਤ ਦਤ ਨਤਜਿੇ ਤੇ ਖੁਸ਼ ਨਹੀ ਹੋ, ਤੁਸੀ IPCC ਨੂੰ ਸ਼ਿਕਾਇਤ ਕਰ ਸਕਦੇ ਹੋ ਜੇ:

> ਤੁਹਾਡੀ ਸ਼ਿਕਾਇਤ ਨੂੰ 'ਰਿਕਾਰਡ' ਨਹੀ ਸੀ ਕੀਤਾ ਗਿਆ। ਤੁਹcnਡੇ ਸ਼ਿਕਾਇਤ ਕਰਨ ਮਗਰੋ ਪੁਲੀਸ ਜਾਂ IPCC ਨੂੰ ਤੁਹਾਡੇ ਨਾਲ ਸੰਪਰਕ ਕਰਕੇ ਦਸਣਾ ਚਾਹੀਦਾ ਸੀ ਕਿ ਤੁਹਾਡੀ ਸ਼ਿਕਾਇਤ ਨਾਲ ਕਿਵੇ ਨਜਿੱਠਿਆ ਜਾਵੇਗਾ। ਇਸ ਦਾ ਮਤਲਬ ਤੁਹਾਡੀ ਸ਼ਿਕਾਇਤ 'ਰਿਕਾਰਡ' ਕਰ ਲਈ ਗਈ ਹੈ। ਤੁਸੀ ਅਪੀਲ ਕਰ ਸਕਦੇ ਹੋ ਜੇ ਤੁਹਾਡੀ ਸ਼ਿਕਾਇਤ ਪੁਲੀਸ ਨੇ 'ਰਿਕਾਰਡ ਨਹੀ ਕੀਤੀ, ਉਹਨਾ ਨੇ ਫੈਸਲਾ ਨਹੀ ਕੀਤਾ ਕਿ ਤੁਹਾਡੀ ਸ਼ਿਕਾਇਤ ਰਿਕਾਰਡ ਕਰਨੀ ਹੈ ਜਾਂ ਨਹੀ ਜਾਂ ਜੇ ਉਹਨਾ ਨੇ ਤੁਹਾਨੂੰ ਨਹੀ ਦਸਿਆ ਕਿ ਉਹ ਰਿਕਾਰਡ ਕਰਨਗੇ ਜਾਂ ਨਹੀ।
> 'ਲੋਕਲ ਰੇਜ਼ੋਲਿਊਸ਼ਨ' ਵੇਲੇ, ਪੁਲੀਸ ਨੇ ਜਿਵੇ ਸਵੀਕਾਰ ਕੀਤਾ ਸੀ ਉਸ ਤਰਾਂ ਤੁਹਾਡੀ ਸ਼ਿਕਾਇਤ ਨਹੀ ਨਜਿਠੀ। 'ਲੋਕਲ ਰੇਜ਼ੋਲਿਊਸ਼ਨ' ਦੇ ਸ਼ੁਰੂ ਵਿੱਚ, ਪੁਲੀਸ ਤੁਹਾਡੇ ਨਾਲ ਸਹਿਮਤ ਹੋਵੇਗੀ ਕਿ ਸ਼ਿਕਾਇਤ ਨੂੰ ਕਿਵੇਂ ਨਜਿੱਠਿਆ ਜਾਵੇਗਾ। ਤੁਸੀ ਅਪੀਲ ਕਰ ਸਕਦੇ ਹੋ ਜੇ ਤੁਸੀ ਸੋਚਦੇ ਹੋ ਕਿ ਪੁਲਿਸ ਨੇ ਉਸ ਤਰਾਂ ਸ਼ਿਕਾਇਤ ਨੂੰ ਨਹੀ ਨਜਿੱਠਿਆ ਜਿਵੇ ਤੁਹਾਡੇ ਨਾਲ ਸਹਿਮਤੀ ਹੋਈ ਸੀ।
> ਜਾਂਚ ਵਿੱਚ ਕੀ ਲਭਿਆ ਉਸ ਬਾਰੇ ਤੁਹਾਨੂੰ ਕਾਫੀ ਜਾਣਕਾਰੀ ਨਹੀ ਦਿਤੀ ਗਈ।
> ਜਾਂਚ ਦੇ ਨਤੀਜੇ ਵਜੋ ਜੋ ਕਦਮ ਪੁਲਿਸ ਚੁਕ ਰਹੀ ਹੈ ਤੁਸੀ ਉਸ ਤੇ ਖੁਸ਼ ਨਹੀ ਹੋ।

**IPCC ਨੂੰ ਕਦੋ ਅਤੇ ਕਿਵੇ ਅਪੀਲ ਕਰਨਾ ਹੈ ਬਾਰੇ ਵਧੇਰੇ ਜਾਣਕਾਰੀ ਲਈ,**
**ਸਾਨੂੰ ਇਸ ਨੰਬਰ ਤੇ ਫੋਨ ਕਰੋ 08453 002 002 (ਲੋਕਲ ਰੇਟ)**
**ਸਾਨੂੰ ਇਸ ਪਤੇ ਤੇ ਈਮੇਲ ਕਰੋ enquiries@ipcc.gsi.gov.uk**
**ਜਾਂ ਸਾਡੀ ਵੈਬਸਾਈਟ ਤੇ ਜਾਓ – www.ipcc.gov.uk**

**ਇਹ ਜਾਣਕਾਰੀ ਹੋਰ ਭਾਸ਼ਾਵਾਂ ਵਿੱਚ ਲੈਣ ਲਈ ਹੇਠਾਂ ਵੇਖੋ।**
**ਇਹ ਕਤਾਬਚਾ ਬਰੇਲ, ਆਡੀਓ ਅਤੇ ਵੱਡੇ ਅੱਖਰਾਂ ਵਿੱਚ ਵੀ ਉਪਲਭਧ ਹੈ।**

| | |
|---|---|
| Arabic | للحصول على هذه المعلومات باللغة العربية، قم بزيارة موقعنا على شبكة الإنترنت أو الاتصال بنا على العنوان المذكور أدناه. |
| Bengali | বাংলা ভাষায় এই তথ্য পেতে হলে অনুগ্রহ করে আমাদের ওয়েবসাইটে যান অথবা নিচের ঠিকানায় যোগাযোগ করুন। |
| Chinese | 要获得这方面的简体中文资讯，请访问我们的网站或按以下地址与我们联系。 |
| French | Pour obtenir ces informations en français, visitez notre site Web ou contactez-nous à l’adresse ci-dessous. |
| Greek | Για να λάβετε τις πληροφορίες αυτές στα Ελληνικά, επισκεφθείτε την τοποθεσία μας στο διαδίκτυο ή επικοινωνήστε μαζί μας στη διεύθυνση παρακάτω. |
| Gujarati | આ માહિતી ગુજરાતીમાં મેળવવા માટે, અમારી વેબસાઈટ જુઓ અથવા નીચેના સરનામે અમારો સંપર્ક કરો. |
| Hindi | इस जनकारी को हिन्दी भाषा में प्राप्त करने के लिए, हमारी वैबसाइट पर जाए या हमसे नीचे ढिये पते पर सम्पर्क करें। |
| Portuguese | Para obter esta informação em português, visite o nosso web site ou contacte-nos escrevendo para a morada abaixo indicada. |
| Punjabi | ਇਸ ਜਾਣਕਾਰੀ ਨੂੰ ਪੰਜਾਬੀ ਭਾਸ਼ਾ ਵਿੱਚ ਲੈਣ ਲਈ, ਸਾਡੀ ਵੈਬਸਾਈਟ ਤੇ ਜਾਓ ਜਾਂ ਹੇਠਾਂ ਦਿੱਤੇ ਪਤੇ ਤੇ ਸਾਨੂੰ ਸੰਪਰਕ ਕਰੋ। |
| Somali | Si aad u heshid warbixintan oo ku qoran Soomaali, soo booqo bogayaga internetka ama nagala soo xiriir cinwaanka hoos ku qoran. |
| Spanish | Para obtener esta información en español, visite nuestra página Web o póngase en contacto con nosotros escribiendo a la siguiente dirección: |
| Turkish | Bu bilgilerin Türkçe’lerini arzu ediyorsaniz lütfen internet sitemizi ziyaret edin ya da bizimle aşağıdaki adresten irtibat kurun. |
| Urdu | یہ معلومات اردو میں لینے کے لیے ہماری ویب سائٹ کو ملاحظہ کریں یا نیچے دئے گئے پتہ پر رابطہ کریں۔ |
| Vietnamese | Để tìm biết tin tức này bằng Tiếng Việt, hãy truy cập trên mạng của chúng tôi hoặc liên lạc với chúng tôi ở địa chỉ dưới đây: |
| Welsh | I gael y wybodaeth hon yn Gymraeg, ewch i’n gwefan neu cysylltwch â ni yn y cyfeiriad isod. |


**Independent Police Complaints Commission**
**ਇਨਡੀਪੈਨਡੈਂਟ ਪੁਲਿਸ ਕੰਪਲੇਨਟਸ ਕਮਿਸ਼ਨ**
**90 High Holborn, London, WC1V 6BH**
**ਟੈਲੀਫੋਨ: 08453 002 002 (ਲੋਕਲ ਰੇਟ)**
**ਵੈਬਸਾਈਟ: www.ipcc.gov.uk**
**ਈ-ਮੇਲ: enquiries@ipcc.gsi.gov.uk**

Independent Police
Complaints Commission
90 High Holborn
London
WC1V 6BH

www.ipcc.gov.uk
ਟੈਲੀਫੋਨ: 08453 002 002 (ਲੋਕਲ ਰੇਟ)
ਈ-ਮੇਲ: enquiries@ipcc.gsi.gov.uk

ਮਾਰਚ 2005
ਰੈਫਰੈਂਸ: COM/10